# ਮਿਤੀ 20-02-2015 ਦੀ ਰਿਵਿਊ ਮੀਟਿੰਗ ਦੀ ਕਾਰਵਾਈ ਰਿਪੋਟ
## (ਏਜੰਡਾ ਆਈਟਮ ਨੰ:3 – ਐਮ.ਪੀ.ਲੈਡਜ਼ ਸ਼ਾਖਾ)

1) ਮਾਨਯੋਗ ਆਰਥਿਕ ਸਲਾਹਕਾਰ ਜੀ ਵਲੋਂ ਸਮੂਹ ਨੋਡਲ ਜਿਲਿਆਂ ਦੇ ਉਪ ਅਰਥ ਅਤੇ ਅੰਕੜਾ ਸਲਾਹਕਾਰਾਂ ਨੂੰ 14ਵੀਂ ਲੋਕ ਸਭਾ ਅਤੇ ਸਾਬਕਾ ਰਾਜ ਸਭਾ ਦੇ ਮੈਂਬਰਾਂ ਦੇ ਖਾਤੇ ਜੀਰੋ ਬੈਲੇਸ ਕਰਨ ਉਪਰੰਤ ਫਾਈਨਲ ਐਮ.ਪੀ.ਆਰ. ਜੀਰੋ ਬੈਲੇਸ ਅਤੇ ਫਾਈਨਲ ਵਰਤੋਂ ਸਰਟੀਫਿਕੇਟ ਅਤੇ ਆਡਿਟ ਸਰਟੀਫਿਕੇਟ ਮੌਸਪੀ ਭਾਰਤ ਸਰਕਾਰ ਨੂੰ ਭੇਜਣ ਦੇ ਆਦੇਸ ਦਿੱਤੇ ਅਤੇ ਇਸ ਦੀ ਕਾਪੀ ਮੁੱਖ ਦਫਤਰ ਭੇਜਣ ਲਈ ਕਿਹਾ।

2) ਪੈਡਿੰਗ ਕਿਸ਼ਤਾਂ ਮੌਸਪੀ ਭਾਰਤ ਸਰਕਾਰ ਤੋਂ ਰਲੀਜ ਕਰਵਾਉਣ ਲਈ Unsactioned Balance ਅਤੇ Unspent Balance ਘਟਾਉਣ ਲਈ ਢੁਕਵੀਂ ਕਾਰਵਾਈ ਕਰਨ ਲਈ ਨੋਡਲ ਜਿਲਿਆਂ ਦੇ ਉਪ ਅਰਥ ਅਤੇ ਅੰਕੜਾ ਸਲਾਹਕਾਰ ਨੂੰ ਨਿਰਦੇਸ ਦਿੱਤੇ ਗਏ ਤਾਂ ਜੋ ਸਾਲ 2014-15 ਲਈ 16ਵੀਂ ਲੋਕ ਸਭਾ ਦੀ ਦੂਜੀ ਕਿਸਤ ਭਾਰਤ ਸਰਕਾਰ ਤੋਂ ਜਾਰੀ ਕਰਵਾਈ ਜਾ ਸਕੇ।

3) ਜਿਲਾ ਜਲੰਧਰ ਦੇ ਉਪ ਅਰਥ ਅਤੇ ਅੰਕੜਾ ਸਲਾਹਕਾਰ ਵਲੋਂ 5.00 ਲੱਖ ਰੁਪਏ ਦੀ ਰਾਸੀ ਕਾਰਜਕਾਰੀ ਇੰਜੀਨੀਅਰ ਅਤੇ ਉਪ ਮੰਡਲ ਇੰਜੀਨੀਅਰ ਪੰਚਾਇਤੀ ਰਾਜ ਜਲੰਧਰ ਤੋਂ ਵਾਪਿਸ ਕਰਵਾਉਣ ਦੇ ਸਬੰਧ ਵਿੱਚ ਸਪਸਟੀਕਰਨ ਦਿੱਤਾ ਗਿਆ ਕਿ ਡਿਪਟੀ ਕਮਿਸਨਰ ਜਲੰਧਰ ਵਲੋਂ ਕਮਿਸਨਰ ਜਲੰਧਰ ਨੂੰ ਕੇਸ ਦੁਬਾਰਾ ਵਿਚਾਰਨ ਹਿੱਤ ਭਾਰਤ ਸਰਕਾਰ ਨੂੰ ਭੇਜਣ ਲਈ ਬੇਨਤੀ ਕੀਤੀ ਗਈ ਹੈ। ਆਰਥਿਕ ਸਲਾਹਕਾਰ ਜੀ ਵਲੋਂ ਸਬੰਧਤ ਉਪ ਅਰਥ ਅਤੇ ਅੰਕੜਾ ਸਲਾਹਕਾਰ ਨੂੰ ਤਾਜਾ ਸਥਿਤੀ ਸਬੰਧੀ ਤੁਰੰਤ ਮੁੱਖ ਦਫਤਰ ਸੂਚਨਾ ਭੇਜਣ ਲਈ ਨਿਰਦੇਸ ਦਿੱਤੇ।

4) ਜਿਲਾ ਸ੍ਰੀ ਮੁਕਤਸਰ ਸਾਹਿਬ ਦੇ ਉਪ ਅਰਥ ਅਤੇ ਅੰਕੜਾ ਸਲਾਹਕਾਰ ਨੂੰ ਏ.ਐਫ.ਸੀ. ਦੀ ਰਿਪੋਟ ਨਿੱਜੀ ਪੱਧਰ ਤੇ ਮੁੱਖ ਦਫਤਰ ਤੋਂ ਪ੍ਰਾਪਤ ਕਰਨ ਉਪਰੰਤ ਏ.ਟੀ.ਆਰ. ਤੁਰੰਤ ਮੌਸਪੀ ਨੂੰ ਭੇਜਣ ਦੇ ਆਦੇਸ ਦਿੱਤੇ ਗਏ।

5) ਮੌਸਪੀ ਵਲੋਂ ਦਿੱਤੀਆਂ ਗਾਈਡਲਾਈਨਾਂ ਅਨੁਸਾਰ ਆਰਥਿਕ ਸਲਾਹਕਾਰ ਜੀ ਵਲੋਂ ਸਮੂਹ ਨੋਡਲ ਜਿਲਾ ਅਧਿਕਾਰੀਆਂ ਨੂੰ ਐਮ.ਪੀ.ਸਾਹਿਬ ਵਲੋਂ ਕੀਤੀਆਂ ਸਿਫਾਰਸਾਂ ਤੇ ਯੋਗ ਕਾਰਵਾਈ ਅਤੇ ਸੈਕਸਨ 75 ਦਿਨਾਂ ਵਿੱਚ ਕਰਨ, ਕਿਸੇ ਵੀ ਰਿਕਮੈਂਡੇਸਨ ਦੀ ਕਿਸੇ ਪ੍ਰਕਾਰ ਨਾਲ ਰਿਜੈਕਸਨ ਸਬੰਧੀ ਸੂਚਨਾ 45 ਦਿਨਾਂ ਦੇ ਵਿੱਚ ਸਬੰਧਤ ਐਮ.ਪੀ.ਸਾਹਿਬਾਨ ਨੂੰ ਰਿਪੋਟ ਕਰਨ ਅਤੇ 15ਵੀਂ ਲੋਕ ਸਭਾ ਲਈ ਆਖਰੀ ਜਾਰੀ ਕੀਤੀ ਰਾਸੀ ਦੀ ਵਰਤੋਂ 18 ਮਹੀਨੇ ਤੱਕ ਕਰਨ ਸਬੰਧੀ ਜਰੂਰੀ ਨਿਰਦੇਸ ਦਿੱਤੇ ਗਏ। ਇਸ ਉਪਰੰਤ ਜੀਰੋ ਬੈਲੇਸ ਐਮ.ਪੀ.ਆਰ., ਫਾਈਨਲ ਯੂ.ਸੀ. ਅਤੇ ਫਾਈਨਲ ਏ.ਸੀ. ਮੌਸਪੀਭਾਰਤ ਸਰਕਾਰ ਨੂੰ ਭੇਜਣ ਦੇ ਆਦੇਸ ਦਿੱਤੇ ਗਏ। ਜੇਕਰ ਕਿਸੇ ਕਾਰਨ ਫੰਡਜ 1 ਮਹੀਨੇ ਤੱਕ ਵੀ ਖਰਚ ਨਹੀਂ ਹੁੰਦੇ ਤਾਂ ਬਕਾਇਆ ਫੰਡਜ ਭਾਰਤ ਸਰਕਾਰ ਨੂੰ ਵਾਪਸ ਕੀਤੇ ਜਾਣਗੇ ਅਤੇ ਇਸ ਦੀ ਉਪ ਅਰਥ ਅਤੇ ਅੰਕੜਾ ਸਲਾਹਕਾਰ ਦੀ ਨਿੱਜੀ ਜਿਮੇਵਾਰੀ ਹੋਵੇਗੀ।

6) ਮੌਸਪੀ ਦੁਆਰਾ ਜਾਰੀ ਹਦਾਇਤਾਂ file No.C-42/2013-MPLADS dt. 26-11-14 ਅਨੁਸਾਰ ਐਮ.ਪੀ.ਲੈਡ ਫੰਡਾਂ ਦੇ ਬੈਂਕ ਅਕਾਊਟ savifix accounts and auto sweep facility ਰਾਹੀਂ ਜਿਆਦਾ ਵਿਆਜ ਪ੍ਰਾਪਤ ਕਰਨ ਲਈ ਆਰਥਿਕ ਸਲਾਹਕਾਰ ਜੀ ਵਲੋਂ ਸਮੂਹ ਜਿਲਾ ਅਧਿਕਾਰੀਆਂ ਨੂੰ ਨਿਰਦੇਸ ਦਿੱਤੇ ਗਏ।

7) ਸਮੂਹ ਜਿਲਾ ਅਧਿਕਾਰੀਆਂ ਨੂੰ ਐਮ.ਪੀ.ਲੈਡ ਫੰਡਾਂ ਨੂੰ ਕਾਰਜਕਾਰੀ ਏਜੰਸੀਆਂ ਦੁਆਰਾ ਵਰਤਣ ਉਪਰੰਤ ਵਰਤੋਂ ਸਰਟੀਫਿਕੇਟ ਦੇਣ ਸਮੇਂ ਇਸ ਰਾਸੀ ਉਪਰ ਵਿਆਜ ਵੀ ਵਾਪਸ ਕਰਨ ਲਈ ਕਿਹਾ ਗਿਆ। ਕਿਉਂਕਿ ਏਜੰਸੀਆਂ ਦੁਆਰਾ ਕਾਫੀ ਸਮੇਂ ਤੱਕ ਰਾਸੀ ਦੀ ਵਰਤੋਂ ਨਹੀਂ ਕੀਤੀ ਜਾਂਦੀ।